# ਬੀਨਾਇਨ ਰੋਲਾਨਡਿਕ ਐਪੀਲੈਪਸੀ ਵਿਦ ਸੈਂਟਰੋਟੈਮਪੋਰਲ ਸਪਾਈਕਸ (ਬੀ ਆਰ ਈ ਸੀ)
**(Benign Rolandic Epilepsy with Centrotemporal Spikes (BREC))**

**ਬੀਨਾਇਨ ਰੋਲਾਨਡਿਕ ਐਪੀਲੈਪਸੀ ਵਿਦ ਸੈਂਟਰੋਟੈਮਪੋਰਲ ਸਪਾਈਕਸ (ਬੀ ਆਰ ਈ ਸੀ) ਕੀ ਹੈ?**
ਇਸ ਨੂੰ ਬੀਨਾਇਨ ਚਾਇਲਡਹੁੱਡ ਐਪੀਲੈਪਸੀ ਵਿਦ ਸੈਂਟਰੋਟੈਮਪੋਰਲ ਸਪਾਈਕਸ (ਬੀ ਸੀ ਈ ਸੀ ਟੀ) ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ ਅਤੇ ਇਹ ਬਚਪਨ ਵਿਚ ਹੋਣ ਵਾਲੀਆਂ ਮਿਰਗੀ ਦੀਆਂ ਬੀਮਾਰੀਆਂ ਵਿੱਚੋਂ ਇਕ ਸਭ ਤੋਂ ਆਮ ਹੈ। ਸੀਜ਼ਰ 2 ਤੋਂ 13 ਸਾਲ ਦੀ ਉਮਰ ਵਿਚਕਾਰ ਸ਼ੁਰੂ ਹੁੰਦੇ ਹਨ (ਸਭ ਤੋਂ ਜ਼ਿਆਦਾ 5 ਅਤੇ 10 ਸਾਲ ਦੀ ਉਮਰ ਵਿਚਕਾਰ) ਅਤੇ ਤਕਰੀਬਨ ਸਾਰੇ ਬੱਚਿਆਂ ਦੇ ਸੀਜ਼ਰ ਗਭਰੇਟ ਉਮਰ ਤੱਕ ਹਟ ਜਾਂਦੇ ਹਨ। ਬੱਚੇ ਆਮ ਤੌਰ 'ਤੇ ਆਮ ਦੀ ਤਰ੍ਹਾਂ ਵਿਕਾਸ ਕਰਦੇ ਹਨ ਅਤੇ ਕਿਸੇ ਸਭ ਤੋਂ ਨੇੜੇ ਦੇ ਰਿਸ਼ਤੇਦਾਰ ਨੂੰ ਪਹਿਲਾਂ ਬੀ ਸੀ ਈ ਸੀ ਟੀ ਹੋਈ ਹੁੰਦੀ ਹੈ।

ਸੀਜ਼ਰ ਆਮ ਤੌਰ 'ਤੇ ਰਾਤ ਨੂੰ ਹੁੰਦੇ ਹਨ ਅਤੇ ਜੀਭ, ਬੁਲ੍ਹਾਂ, ਗੱਲ੍ਹਾਂ, ਜਾਂ ਚਿਹਰੇ 'ਤੇ ਸੂਈਆਂ ਚੁੱਭਣ ਦੀ ਭਾਵਨਾ (ਪੈਰਾਸਥੀਸੀਆਸ) ਨਾਲ ਸ਼ੁਰੂ ਹੋ ਸਕਦੇ ਹਨ। ਰਾਲ੍ਹਾਂ ਵਗ ਸਕਦੀਆਂ ਹਨ, ਗਲ਼ੇ ਚੋਂ ਆਵਾਜ਼ਾਂ ਆ ਸਕਦੀਆਂ ਹਨ, ਬੋਲ ਨਹੀਂ ਹੋ ਸਕਦਾ ਹੈ ਅਤੇ ਜੀਭ ਅਤੇ ਚਿਹਰਾ ਆਪਣੇ ਆਪ ਹਿੱਲ ਸਕਦਾ ਹੈ। ਜੇ ਸੀਜ਼ਰ ਵਿਚ ਬਾਂਹ ਅਤੇ ਲੱਤ ਸ਼ਾਮਲ ਨਹੀਂ ਹੁੰਦੇ ਜਾਂ ਜੇ ਇਹ ਸੈਕੰਡਰਲੀ ਜਨਰਲਾਈਜ਼ਡ ਟੌਨਿਕ ਕਲੋਨਿਕ (ਗਰੈਂਡ ਮਲ) ਨਾਂ ਦਾ ਸੀਜ਼ਰ ਨਹੀਂ ਬਣ ਜਾਂਦਾ ਤਾਂ ਬੱਚੇ ਸੁਚੇਤ ਰਹਿ ਸਕਦੇ ਹਨ। ਸੀਜ਼ਰ ਸੰਖੇਪ ਹੁੰਦੇ ਹਨ ਅਤੇ ਕੁਝ ਮਿੰਟਾਂ ਤੋਂ ਘੱਟ ਸਮਾ ਰਹਿੰਦੇ ਹਨ। ਸੀਜ਼ਰ ਦੇ ਖਤਮ ਹੋਣ ਤੋਂ ਬਾਅਦ ਪ੍ਰਭਾਵਤ ਪਾਸਾ ਸ਼ਕਤੀਹੀਣ ਅਤੇ ਸੁੰਨ ਹੋ ਸਕਦਾ ਹੈ ਅਤੇ ਬੋਲਣ ਵਿਚ ਮੁਸ਼ਕਲ ਆ ਸਕਦੀ ਹੈ ਅਤੇ ਬੱਚਾ ਦੁਬਾਰਾ ਸੌਂ ਸਕਦਾ ਹੈ।

ਬੀ ਸੀ ਈ ਸੀ ਟੀ ਵਾਲੇ ਬਹੁਤੇ ਬੱਚਿਆਂ ਨੂੰ ਸੀਜ਼ਰ ਸਿਰਫ ਨੀਂਦ ਵਿਚ ਹੀ ਹੋਵੇਗਾ ਅਤੇ 20 ਫੀ ਸਦੀ ਤੱਕ ਬੱਚਿਆਂ ਨੂੰ ਸਿਰਫ ਇਕ ਸੀਜ਼ਰ ਹੀ ਹੋਵੇਗਾ। ਬੱਚਿਆਂ ਦੇ ਥੋੜ੍ਹੇ ਜਿਹੇ ਹਿੱਸੇ ਨੂੰ ਦਿਨ ਵੇਲੇ ਜਾਂ ਅਕਸਰ ਸੀਜ਼ਰ ਹੋ ਸਕਦੇ ਹਨ।

**ਬੀ ਸੀ ਈ ਸੀ ਟੀ ਦੀ ਪਛਾਣ ਕਿਵੇਂ ਕੀਤੀ ਜਾਂਦੀ ਹੈ?**
ਵਿਸਥਾਰ ਵਿਚ ਪਿਛੋਕੜ ਜਾਣਨ ਅਤੇ ਸਰੀਰਕ ਜਾਂਚ ਕਰਨ ਤੋਂ ਬਾਅਦ ਡਾਕਟਰ ਨੂੰ ਆਮ ਤੌਰ 'ਤੇ ਬੀ ਸੀ ਈ ਸੀ ਟੀ ਦੀ ਸ਼ੱਕ ਪਵੇਗੀ ਅਤੇ ਉਹ ਇਲੈਟਰੋਇਨਸੈਫਲੋਗ੍ਰਾਫ (ਈ ਈ ਜੀ) ਕਰਵਾਏਗਾ। ਈ ਈ ਜੀ ਅਜਿਹੇ ਲੱਛਣ ਦਿਖਾਏਗੀ ਜਿਹੜੇ ਨੀਂਦ ਵਿਚ ਜ਼ਿਆਦਾ ਉੱਘੜਵੇਂ ਹੁੰਦੇ ਹਨ। ਜੇ ਪਛਾਣ ਬਾਰੇ ਕੋਈ ਸ਼ੱਕ ਨਾ ਹੋਵੇ ਤਾਂ ਨਿਊਰੋਇਮੇਜਿੰਗ (ਐੱਮ ਆਰ ਆਈ ਜਾਂ ਸੀ ਟੀ ਸਕੈਨ) ਕਰਵਾਉਣ ਦੀ ਲੋੜ ਨਹੀਂ ਹੁੰਦੀ।

**ਬੀਨਾਇਨ ਚਾਇਲਡਹੁੱਡ ਐਪੀਲੈਪਸੀ ਵਿਦ ਸੈਂਟਰੋਟੈਮਪੋਰਲ ਸਪਾਈਕਸ ਦਾ ਕੀ ਇਲਾਜ ਹੈ?**
ਸਾਰੇ ਬੱਚਿਆਂ ਅਤੇ ਪਰਿਵਾਰਾਂ ਨੂੰ ਸੀਜ਼ਰ ਲਈ ਸਾਵਧਾਨੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ (ਕਿਰਪਾ ਕਰਕੇ ਆਪਣੇ ਡਾਕਟਰ ਜਾਂ ਨਰਸ ਤੋਂ ਸਾਡਾ ਫਸਟ ਏਡ ਪੋਸਟਰ ਜਾਂ ਬਰੋਸ਼ਰ ਲਵੋ)। ਬਹੁਤੇ ਬੱਚਿਆਂ ਨੂੰ ਕਿਉਂਕਿ ਥੋੜ੍ਹੇ ਜਿਹੇ, ਛੋਟੇ ਸੀਜ਼ਰ ਹੀ ਹੁੰਦੇ ਹਨ ਜਾਂ ਨੀਂਦ ਦੌਰਾਨ ਸੰਖੇਪ ਸੀਜ਼ਰ ਹੁੰਦੇ ਹਨ, ਤੁਹਾਡਾ ਡਾਕਟਰ ਸ਼ਾਇਦ ਦਵਾਈਆਂ ਨਾਲ ਇਲਾਜ ਦੀ ਸਿਫਾਰਸ਼ ਨਾ ਕਰੇ। ਇਲਾਜ ਸ਼ੁਰੂ ਕੀਤਾ ਜਾ ਸਕਦਾ ਹੈ ਜੇ ਸੀਜ਼ਰ ਅਕਸਰ ਹੁੰਦੇ ਹਨ, ਬੱਚੇ ਜਾਂ ਪਰਿਵਾਰ ਨੂੰ ਬਦਹਾਲ ਕਰਦੇ ਹਨ, ਜਾਂ ਦਿਨ ਵੇਲੇ ਹੁੰਦੇ ਹਨ। ਹਰ ਪਰਿਵਾਰ ਵੱਖਰਾ ਹੈ ਅਤੇ ਦਵਾਈ ਸ਼ੁਰੂ ਕਰਨ ਦਾ ਫੈਸਲਾ, ਪਰਿਵਾਰ ਅਤੇ ਇਲਾਜ ਕਰਨ ਵਾਲੇ ਡਾਕਟਰ ਵਿਚਕਾਰ ਵਿਚਾਰ-ਵਟਾਂਦਰੇ ਤੋਂ ਬਾਅਦ ਕੀਤਾ ਜਾਣਾ ਚਾਹੀਦਾ ਹੈ।

**ਕੀ ਮੇਰੇ ਬੱਚੇ ਦੇ ਸੀਜ਼ਰ ਵੱਡੇ ਹੋਣ 'ਤੇ ਹਟ ਜਾਣਗੇ?**
ਬੀ ਸੀ ਈ ਸੀ ਟੀ ਵਾਲੇ ਤਕਰੀਬਨ ਸਾਰੇ ਬੱਚਿਆਂ ਦੇ ਸੀਜ਼ਰ ਗਭਰੇਟ ਉਮਰ ਤੱਕ ਬੰਦ ਹੋ ਜਾਂਦੇ ਹਨ। ਈ ਈ ਜੀ ਵੀ ਨੌਰਮਲ ਹੋ ਜਾਵੇਗੀ ਪਰ ਬੱਚਾ ਸ਼ਾਇਦ ਸੀਜ਼ਰਾਂ ਤੋਂ ਪਹਿਲਾਂ ਹੀ ਬਾਹਰ ਹੋ ਗਿਆ ਹੋ ਸਕਦਾ ਹੈ।

**ਜੇ ਇਹ ਜਮਾਂਦਰੂ ਬੀਮਾਰੀ ਹੈ ਤਾਂ ਕੀ ਮੇਰੇ ਦੂਜੇ ਬੱਚਿਆਂ ਨੂੰ ਮਿਰਗੀ ਦਾ ਖਤਰਾ ਹੈ?**
ਅਧਿਐਨ ਨੇ ਇਹ ਦਿਖਾਇਆ ਹੈ ਕਿ ਬੀ ਸੀ ਈ ਸੀ ਟੀ ਵਾਲੇ ਬੱਚਿਆਂ ਦੇ ਭੈਣਾਂ ਭਰਾਵਾਂ ਵਿੱਚੋਂ 15 ਫੀ ਸਦੀ ਤੱਕ ਨੂੰ ਇਹੋ ਜਿਹੀ ਸੀਜ਼ਰ ਹੋਣਗੇ ਅਤੇ 20 ਫੀ ਸਦੀ ਤੱਕ ਭੈਣਾਂ ਭਰਾਵਾਂ ਦੀ ਈ ਈ ਜੀ ਅਸਾਧਾਰਣ ਹੋ ਸਕਦੀ ਹੈ। ਜਿਹੜੇ ਬੱਚਿਆਂ ਨੂੰ ਸੀਜ਼ਰ ਨਹੀਂ ਹੁੰਦੇ ਉਨ੍ਹਾਂ ਦੀ ਈ ਈ ਜੀ ਅਸਾਧਾਰਣ ਹੋ ਸਕਦੀ ਹੈ ਅਤੇ ਬਿਨਾਂ ਸੀਜ਼ਰ ਵਾਲੇ ਭੈਣਾਂ ਭਰਾਵਾਂ ਦੀ ਈ ਈ ਜੀ ਕਰਵਾਉਣ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ।

ਮਈ 2009 ਵਿਚ ਛਾਪੇ ਜਾਣ ਲਈ ਪ੍ਰਵਾਨਤ ਹੋਇਆ (ਆਈ ਐੱਚ)

**ਤੁਸੀਂ ਬੀ ਸੀ ਐਪੀਲੈਪਸੀ ਸੁਸਾਇਟੀ ਦੇ ਮੈਂਬਰ ਬਣ ਸਕਦੇ ਹੋ ਅਤੇ ਸਾਰੇ ਪ੍ਰੋਗਰਾਮਾਂ ਅਤੇ ਸਰਵਿਸ ਦੇ ਫਾਇਦੇ ਲੈ ਸਕਦੇ ਹੋ।**
**#2500-900 West 8th Avenue, Vancouver, BC V5Z 1E5**
**ਫੋਨ: (604) 875-6704 ਫੈਕਸ: (604) 875-0617** info@bcepilepsy.com www.bcepilepsy.com